## ਸਰਕਾਰੀ ਆਯੂਰਵੈਦਿਕ ਕਾਲਜ਼, ਪਟਿਆਲਾ।

ਨੰ: ਅਮਲਾ- ਬਿਲਡਿੰਗ-2023/ ਮਿਤੀ:

ਵਿਸਾ:- ਕਾਲਜ਼, ਦੀਅ ਕੰਟੀਨ ਨੂੰ ਇਕ ਸਾਲ ਲਈ ਠੇਕੇ ਤੇ ਦੇਣ ਸਬੰਧੀ।

ਸ਼ਰਤਾਂ

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਰਕਾਰੀ ਆਯੂਰਵੈਦਿਕ ਕਾਲਜ਼, ਪਟਿਆਲਾ ਦੀ ਕੰਟੀਨ ਦਾ ਠੇਕਾ ਸਾਲ 01/03/2023 ਤੋਂ 31-03-2024 ਤੱਕ ਹੋਵੇਗਾ।

2. ਇਸ ਸਮੇ ਕੰਟੀਨ ਦੀ ਬੋਲੀ 01/03/2023 ਤੋਂ 31-03-2024 ਤੱਕ ਲਈ ਘੱਟੋ ਘੱਟ 6550/- ਤੋਂ ਸੁਰੂ ਹੋਵੇਗੀ। ਚਾਹਵਾਨ ਵਿਅਕਤੀ ਆਪਣੀ ਕੁਟੇਸ਼ਨਾਂ ਅਖਵਾਰ ਵਿੱਚ ਦਿੱਤੇ ਇਸ਼ਤਿਹਾਰ ਪ੍ਰਕਾਸ਼ਿਤ ਹੋਣ ਤੇ ਇੱਕ ਹਫਤੇ ਦੇ ਅੰਦਰ ਅੰਦਰ ਇਸ ਦਫਤਰਤ ਵਿੱਖੇ ਪਹੁੰਚਦੀ ਕਰਨ ਅਤੇ ਕੰਟੀਨ ਦੀਤ ਬੋਲੀ ਪ੍ਰਿੰਸੀਪਲ ਆਫਿਸ਼ ਵਿੱਚ ਮਿਤੀ 06/03/2023 ਨੂੰ ਸਵੇਰੇ 11:00 ਵਜੇ ਕੀਤੀ ਜਾਵੇਗੀ। ਇਹ ਠੇਕਾ ਵਿੱਤੀ ਸਾਲ 2023-24 ਲਈ (ਇੱਕ ਸਾਲ ਲਈ ਐਗਰੀਮੈਂਟ) ਕੀਤਾ ਜਾਵੇਗਾ।

3. ਠੇਕੇਦਾਰ ਨੂੰ ਠੇਕਾ ਮਿਲਣ ਦੀ ਸੂਰਤ ਵਿੱਚ ਕੰਟੀਨ ਦਾ ਬੋਲੀ ਅਨੁਸਾਰ ਬਣਦਾ 6 ਮਹੀਨੇ ਦਾ ਕਿਰਾਇਆ ਅਡਵਾਂਸ਼ ਸਿਕਿਉਰਟੀ ਡਿਪਾਜਿਸ਼ਟ ਵੱਜੋਂ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਮਹੀਨੇ ਦਾ ਕਿਰਾਇਆ ਵੱਖਰਾ ਹਰ ਮਹੀਨੇ ਦੀ 07 ਤਰੀਕ ਤੱਕ ਜਮ੍ਹਾਂ ਕਰਵਾਉਣ ਹੋਵੇਗਾ। ਜਿਸ ਦੀ ਰਸ਼ੀਦ ਦਿੱਤੀ ਜਾਵੇਗੀ।।

4. ਕੰਟੀਨ ਦੇ ਬਿਜਲੀ ਪਾਣੀ ਅਤੇ ਹੋਰ ਖਰਚੇ ਠੇਕੇਦਾਰ ਨੂੰ ਆਪਣੇਦ ਪੱਧਰ ਤੇ ਜਮ੍ਹਾਂ ਕਰਵਾਉਣਾ ਹੋਵੇਗਾ। ਬਿਲੱ ਜਮ੍ਹਾਂ ਕਰਵਾਉਣ ਉਪਰੰਤ ਬਿੱਲ ਦੀ ਰਸ਼ੀਦ ਦਫਤਰ ਵਿੱਚ ਜਮ੍ਹਾਂ ਕਰਵਾਉਣੀ ਹੋਵੇਗੀ।

5. ਕੰਟੀਨ ਖੋਲਣ ਦਾ ਸਮਾਂ ਸਵੇਰੇ 6:00 ਤੋਂ ਸ਼ਾਮ 7:00 ਵਜੇ ਤੱਕ ਹੋਵੇਗਾ।

6. ਕੰਟੀਨ ਵਿੱਚ ਬਣਾਈਆਂ ਜਾਣ ਵਾਲੀਆਂ ਵਸਤੂਆਂ ਦੀ ਲਿਸਟ ਇਸ ਸੰਸਥਾਂ ਵਲੋਂ ਫਿਕਸ਼ ਕੀਤੇ ਰੇਟ ਅਨੁਸਾਰ ਹੀ ਰੇਟ ਪ੍ਰਵਾਨ ਕੀਤੇ ਜਾਣਗੇ ਅਤੇ ਰੇਟ ਲਿਸ਼ਟ ਡਿਸਪਲੇ ਕਰਨੀ ਵੀ ਜਰੂਰੀ ਹੋਵੇਗੀ।

7. ਕੰਟੀਨ ਦੀ ਸਫਾਈ ਦਾ ਧਿਆਨ ਰੱਖਣਾਂ ਆਪ ਦੀ ਜਿੰਮੇਵਾਰੀ ਹੋਵੇਗੀ।

8. ਕੰਟੀਨ ਵਿੱਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਵਸਤੂਆਂ ਮਿਲਾਵਟ ਰਹਿਤ ਹੋਣੀਆਂ ਚਾਹੀਦੀਆਂ ਹਨ।

9. ਕੰਟੀਨ ਵਿੱਚ ਕਿਸੇ ਕਿਸਮ ਦੇ ਨਸ਼ੇ ਆਦਿ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਜੇਕਰ ਅਜਿਹਾ ਪਾਇਆ ਗਿਆ ਤਾਂ ਠੇਕਾ ਤੁਰੰਤ ਸਮੇਂ ਤੋਂ ਰੱਦ ਕੀਤਾ ਜਾਵੇਗਾ।

10. ਵਿਦਿਆਰਥੀਆਂ / ਸਟਾਫ ਨੂੰ ਦਿੱਤੇ ਜਾਣ ਵਾਲੇ ਉਧਾਰ ਦੀ ਜਿੰਮੇਵਾਰੀ ਤੁਹਾਡੀ ਆਪਣੀ ਹੋਵੇਗੀ।

11. ਕੰਟੀਨ ਵਿੱਚ ਉਹ ਚੀਜ਼ ਜ਼ੋ ਕਿਸੇ ਵੀ ਕਾਨੂੰਨ ਐਕਟ ਤਹਿਤ ਵਰਜਿਤ ਹੈ। ਜੇਕਰ ਉਹ ਕੰਟੀਨ ਵਿੱਚ ਰੱਖੀ ਜਾਂਦੀ ਹੈ ਤਾਂ ਉਸ ਦੀ ਜਿੰਮੇਵਾਰੀ ਤੁਹਾਡੀ ਆਪਣੀ ਹੋਵੇਗੀ ਅਤੇ ਨਿਯਮਾਂ ਅਨੁਸਾਰ ਠੇਕੇਦਾਰ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।

12. ਕੰਟੀਨ ਵਿੱਚ ਵਰਤੀਆਂ ਜਾਣ ਵਾਲਾ ਸਮਾਨ ਤੁਹਾਡਾ ਆਪਣਾ ਹੋਵਗਾ।

13. ਕੰਟੀਨ ਦੀ ਬਿਲਡਿੰਗ / ਫਰਨੀਚਰ ਵਿੱਚ ਕਿਸੇ ਕਿਸਮ ਦੀ ਭੰਨ-ਤੋੜ ਨਹੀਂ ਕੀਤੀ ਜਾਵੇਗੀ। ਜੇਕਰ ਕੰਟੀਨ ਦਾ ਕੋਈ ਵੀ ਫਰਨੀਚਰ ਟੁੱਟੇਆ ਪਾਇਆ ਗਿਆ ਤਾਂ ਉਸਦੀ ਰਿਪੇਅਰ ਤੁਹਾਨੂੰ ਕਰਵਾਉਣੀ ਪਵੇਗੀ। ਕਿਉਕਿ ਇਹ ਇਕ ਸਰਕਾਰੀ ਸੰਪਤੀ ਹੈ।

14. ਉਪਰੋਕਤ ਸ਼ਰਤਾਂ ਸਬੰਧੀ ਕਮੇਟੀ ਦਾ ਫੈਸਲਾਂ ਮੰਨਣਯੋਗ ਹੋਵੇਗਾ। ਜੇਕਰ ਕਿਸੇ ਨਿਯਮ ਵਿੱਚ ਕੋਈ ਕੋਤਾਹੀ ਵਰਤੀ ਜਾਂਦੀ ਹੈ ਤਾਂ ਅਪੀਲੈਂਟ ਅਥਾਰਟੀ ਪ੍ਰਿੰਸੀਪਲ ਸਰਕਾਰੀ ਆਯੂਰਵੈਦਿਕ ਕਾਲਜ਼, ਪਟਿਆਲਾ ਹੀ ਹੋਣਗੇ। ਜਿਨ੍ਹਾਂ ਦਾ ਫੈਸਲਾ ਸਰਵ ਮੰਨਣਯੋਗ ਹੋਵੇਗਾ। ਕੰਟੀਨ ਦਾ ਕੰਮ ਤਸੱਲੀਬਖਸ਼ ਨਾ ਹੋਣ ਕਾਰਨ ਇਹ ਹੁਕਮ ਕਿਸੇ ਵੀ ਸਮੇਂ ਹੇਠ ਹਸਤਾਖਰ ਕਰਤਾ ਵੱਲੋਂ ਰੱਦ ਕੀਤੇ ਜਾ ਸਕਦੇ ਹਨ। ਇਸ ਤੇ ਕੋਈ ਵੀ ਕਾਨੂੰਨੀ ਕਾਰਵਾਈ ਕਰਨ ਦਾ ਠੇਕੇਦਾਰ ਨੂੰ ਕੋਈ ਅਧਿਕਾਰ ਨਹੀਂ ਹੋਵੇਗਾ। ਜੇਕਰ ਉਕਤ ਸ਼ਰਤਾਂ ਠੇਕੇਦਾਰ ਨੂੰ ਮੰਜੂਰ ਹਨ ਤਾਂ ਪੱਤਰ ਜਾਰੀ ਹੋਣ ਦੀ ਮਿਤੀ ਤੱਕ 6 ਮਹੀਨੇ ਦਾ ਕਿਰਾਇਆ ਅਤੇ ਸਿਕਿਉਰਟੀ ਜਮ੍ਹਾਂ ਕਰਵਾ ਕੇ ਠੇਕੇਦਾਰ ਕੰਟੀਨ ਚਾਲੂ ਕਰ ਸਕਦਾ ਹੈ।

15. ਜਿਹੜਾਂ ਬੋਲੀਦਾਤਾ ਪਹਿਲਾਂ ਕਿਸੇ ਤਰ੍ਹਾਂ ਦਾ ਕੰਟੀਨ ਦੇ ਕਿਰਾਏ ਸਬੰਧੀ ਕਿਸੇ ਵੀ ਸੰਸਥਾਂ ਤੋ ਡਿਫਾਲਟਰ ਘੋਸ਼ਿਤ ਨਹੀਂ ਕੀਤਾ ਹੋਵੇਗਾ, ਸਿਰਫ ਉਹੀ ਬੋਲੀਦਾਤਾ ਨੂੰ ਵਿਚਾਰਿਆ ਜਾਵੇਗਾ।

ਪ੍ਰਿੰਸੀਪਲ,

ਪਿੱਠ ਅੰਕਣ ਨੰ: 680 ਮਿਤੀ: 22-2-23

ਉਤਾਰਾਂ: ਡਾ: ਅਮਰਦੀਪ ਸਿੰਘ ਲੈਕਚਰਾਰ ਜੀ ਨੂੰ ਸਰਕਾਰੀ ਆਯੂਰਵੈਦਿਕ ਕਾਲਜ਼, ਪਟਿਆਲਾ ਨੂੰ ਇਸ ਸੰਸਥਾਂ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ ਭੇਜਿਆ ਜਾਂਦਾ ਹੈ।

ਪ੍ਰਿੰਸੀਪਲ,